Surrey Schools
LEADERSHIP IN LEARNING

Tel: 604.596.7733
www.surreyschools.ca

# False Fire Alarms: A Serious Offense
# ਅੱਗ ਵਾਲੇ ਅਲਾਰਮ ਨੂੰ ਛੇੜਨਾ: ਇੱਕ ਗੰਭੀਰ ਅਪਰਾਧ

- ਅਗੱ ਵਾਲੇ ਅਲਾਰਮ ਨੂੰ ਖਿੱਚਣਾਂ ਜਾਂ ਛੇੜਨਾ ਇੱਕ ਕਨੂੰਨ ਦੇ ਵਿਰੁੱਧ ਦਾ ਜੁਰਮ ਹੈ। ਕੈਨੇਡਾ ਦੇ ਅਪਰਾਧਾਂ ਦੇ ਸੈਕਸ਼ਨ 437 ਦੇ ਅਧੀਨ ਜੋ ਵੀ ਵਿਅਕਤੀ ਜਾਣ ਬੁੱਝ ਕੇ, ਬਿਨਾਂ ਕਿਸੇ ਮੁਨਾਸਿਬ ਕਾਰਨ ਅੱਗ ਵਾਲੇ ਅਲਾਰਮ ਨੂੰ ਛੇੜੇ ਤਾਂ ਓਹ ਕਾਨੂੰਨ ਦੀਆਂ ਅੱਖਾਂ ਵਿੱਚ ਦੋਸ਼ੀ ਮੰਨਿਆ ਜਾਏਗਾ ।

- ਅਗਰ ਅਲਾਰਮ ਨੂੰ ਛੇੜਦਾ ਕੋਈ ਵੀ ਵਿਅਕਤੀ ਫੜਿਆ ਜਾਵੇ ਤਾਂ ਓਹਨੂੰ ਜਨਤਾ ਨਾਲ ਛੇੜਖਾਨੀ ਕਰਨ ਅਤੇ ਅੱਗ ਵਾਲੇ ਅਲਾਰਮ ਨੂੰ ਛੇੜਨ ਦਾ ਦੋਸ਼ ਲੱਗ ਜਾਵੇਗਾ ।

- ਓਸ ਵਿਦਿਆਰਥੀ ਨੂੰ ਅਤੇ ਪ੍ਰੀਵਾਰ ਨੂੰ ਜੁਰਮਾਨਾ ਭਰਨਾ ਪਵੇਗਾ ।

- ਇਸ ਤਰਾਂ ਪਕੜਿਆ ਗਿਆ ਵਿਦਿਆਰਥੀ ਸਕੂਲ ਤੋਂ ਮੁਲਤਵ ਕਰ ਦਿੱਤਾ ਜਾਵੇਗਾ ਓਦੋਂ ਤੱਕ ਜਦੋਂ ਤਕੱ ਓਹ ਅਤੇ ਓਸ ਦਾ ਪ੍ਰੀਵਾਰ ਅਗੱ ਵਾਲੇ ਵਿਭਾਗ ਦੇ ਕਰਮਚਾਰੀਆਂ ਅਤੇ ਸਕੂਲ ਦੇ ਕਰਮਚਾਰੀਆਂ ਨੂੰ ਇੱਕ ਮੀਟਿੰਗ ਵਿੱਚ ਨਾਂ ਮਿਲ ਲਵੇ ।

ਇਸ ਤਰਾਂ ਅਲਾਰਮ ਚਲਣ ਨਾਲ ਅੱਗ ਦੇ ਵਿਭਾਗ ਦੇ ਕਰਮਚਾਰੀ ਅਗਰ ਸ਼ਹਿਰ ਵਿੱਚ ਕਿਤੇ ਹੋਰ ਅੱਗ ਲੱਗ ਚੁੱਕੀ ਹੋਵੇ ਤਾਂ ਓਥੇ ਨਹੀਂ ਜਾ ਸਕਦੇ ਅਤੇ ਲੋੜ ਵਾਲ ਜ਼ਖਮੀ ਜਾਂ ਬਿਮਾਰ ਲੋਕਾਂ ਦੀ ਮਦਦ ਨਹੀਂ ਕਰ ਸਕਦੇ। ਇਸ ਤਰਾਂ ਕਿਸੇ ਹੋਰ ਦੀ ਜਿੰਦਗੀ ਨੂੰ ਖਤਰੇ ਵਿੱਚ ਪਾਓਣਾ, ਸਕੂਲਾਂ ਵਿੱਚ ਮਨਜ਼ੂਰ ਨਹੀਂ ਅਤੇ ਇਸ ਤਰਾਂ ਦੀ ਗਲਤੀ ਨੂੰ ਮੁਆਫ ਨਹੀਂ ਕੀਤਾ ਜਾਏਗਾ ਅਤੇ ਨਾਂ ਹੀ ਝੱਲਿਆ ਜਾਵੇਗਾ ।

ਵਿਦਿਆਰਥੀਆਂ ਨੂੰ ਸਕੂਲ ਵਿੱਚ ਲੱਗ ਅੱਗ ਵਾਲੇ ਅਲਾਰਮ ਦੀ ਸਿਰਫ ਓਦੋਂ ਹੀ ਵਰਤੋਂ ਕਰਨੀ ਚਾਹੀਦੀ ਹੈ ਜਦੋਂ ਓਹ ਵਾਕਿਆ ਹੀ ਸਕੂਲ਼ ਦੇ ਕਿਸੇ ਹਿੱਸੇ ਵਿੱਚ ਲੱਗੀ ਅੱਗ ਦੇਖ ਸਕਣ ।